ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ....................
Date ....................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

# ਹੁਕਮ

ਕੋਵਿਡ-19 (ਕਰੋਨਾ) ਵਾਇਰਸ ਦੀ ਰੋਕਥਾਮ ਕਰਨ ਲਈ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵਲੋਂ ਪੂਰਨ ਤੌਰ ਤੇ ਲਾਕਡਾਊਨ ਕੀਤਾ ਹੋਇਆ ਹੈ। ਜਿਸ ਕਾਰਨ ਇਸ ਦਫਤਰ ਦੇ ਪੱਤਰ ਨੰਬਰ: 3062-85/ਐਮ.ਸੀ.4/ਐਮ.ਏ. ਮਿਤੀ: 23-03-2020 ਰਾਹੀਂ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ, ਜੋ ਕਿ ਕਾਫੀ ਦਿਨਾਂ ਤੋਂ ਕਰਫਿਊ ਚਲਿਆ ਆ ਰਿਹਾ ਹੈ।

ਅਜਿਹੀ ਸਥਿਤੀ ਵਿੱਚ ਕਈ ਵਾਰ ਦੇਖਿਆ ਗਿਆ ਹੈ ਕਿ ਭੱਠਿਆ ਦੀ ਲੇਬਰ ਆਪਸ ਵਿੱਚ ਇਕੱਠੇ ਹੋ ਜਾਂਦੇ ਹਨ ਇਸ ਸਮੇ ਇਹ ਸੋਸ਼ਲ ਡਿਸਟੈਂਸ ਆਦਿ ਦਾ ਧਿਆਨ ਨਹੀਂ ਰੱਖਦੇ, ਜਿਸ ਕਾਰਨ ਕੋਵਿਡ-19 ਦੀਆਂ ਹਦਾਇਤਾਂ ਦੀ ਪੂਰਨ ਪਾਲਣਾ ਨਾ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਬਹੁਤ ਸਾਰੇ ਭੱਠੇ ਕਰਫਿਊ ਕਾਰਨ ਬੰਦ ਹੋਣ ਦੀ ਕਗਾਰ ਤੇ ਹਨ ਅਤੇ ਅਜਿਹੇ ਹਾਲਾਤ ਵਿੱਚ ਖਤਰਾ ਹੈ ਕਿ ਇਹਨਾਂ ਤੇ ਕੰਮ ਕਰਦੇ ਪ੍ਰਵਾਸੀ ਮਜਦੂਰ ਵੱਡੀ ਸੰਖਿਆ ਵਿੱਚ ਆਪਣੇ ਘਰਾਂ ਵੱਲ ਦੂਜੇ ਰਾਜਾਂ ਵੱਲ ਨੂੰ ਕੂਚ ਕਰ ਸਕਦੇ ਹਨ। ਅਜਿਹਾ ਹੋਣ ਦੀ ਸੂਰਤ ਵਿੱਚ Social Distancing Maintain ਨਹੀਂ ਹੋਵੇਗੀ ਅਤੇ ਇਹ ਕਰਫਿਊ ਦੀਆਂ ਹਦਾਇਤਾਂ ਦੇ ਵੀ ਉਲਟ ਹੋਵੇਗਾ। ਬਹੁਤੇ ਮਜਦੂਰਾਂ ਦੇ ਕੂਚ ਕਰਨ ਕਾਰਨ ਕੋਵੀਡ-19 ਦੀ ਲਾਗ ਵੱਧ ਸਕਦੀ ਹੈ ਅਤੇ ਸਮਾਜ ਨੂੰ ਖਤਰਾ ਪੈਦਾ ਹੋ ਸਕਦਾ ਹੈ। ਅਜਿਹੀ ਲੇਬਰ ਨੂੰ ਇਕ ਜਗ੍ਹਾ Home Quarantine ਕਰਕੇ ਰੱਖੇ ਜਾਣ ਨੂੰ ਮੁੱਖ ਰੱਖਦੇ ਹੋਏ ਭੱਠਿਆਂ ਨੂੰ ਚਾਲੂ ਕੀਤਾ ਜਾਣਾ ਜਰੂਰੀ ਹੈ।

ਇਸ ਲਈ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਦਾ ਨੰ:2 ) ਦੀ ਧਾਰਾ 144 ਅਧੀਨ ਮਿਤੀ 23.03.2020 ਨੂੰ ਜਾਰੀ ਕੀਤੇ ਗਏ ਉਕਤ ਕਰਫਿਊ ਦੇ ਆਦੇਸ਼ਾਂ ਵਿੱਚ ਅੰਸ਼ਿਕ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਦਰਸਾਈਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਜਲੰਧਰ ਦੇ ਤਮਾਮ ਭੱਠਿਆਂ ਨੂੰ ਚਾਲੂ ਕਰਨ ਦੀ ਛੋਟ ਦਿੱਤੀ ਜਾਂਦੀ ਹੈ ਕਿ :-

1. ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹਰ ਲੇਬਰ ਵਿੱਚ 2-2 ਮੀਟਰ ਦਾ ਫਾਸਲਾ ਬਣਾ ਕੇ ਰੱਖਣਗੇ।
2. ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹਰ ਕਰਮਚਾਰੀ/ਵਰਕਰ/ਲੇਬਰ ਨੂੰ ਆਪਣੇ ਮੂੰਹ ਤੇ ਮਾਸਕ ਪਾਉਣਾ ਲਾਜਮੀ ਹੋਵੇਗਾ ਅਤੇ ਸੈਨੀਟਾਈਜਰ ਦਾ ਮੁਕੰਮਲ ਪ੍ਰਬੰਧ ਕੀਤਾ ਜਾਵੇਗਾ ਅਤੇ ਵਰਕਰਾਂ ਦੇ ਕੰਮ ਕਰਨ ਦੀ ਥਾਂ ਨੂੰ ਸੈਨੀਟਾਈਜ ਕਰਵਾਇਆ ਜਾਵੇਗਾ ।
3. ਭੱਠਾ ਮਾਲਕ ਇਹ ਸੁਨਿਸ਼ਚਿਤ ਕਰਨਗੇ ਕਿ ਭੱਠੇ ਦੇ ਕਰਮਚਾਰੀ/ਵਰਕਰ/ਲੇਬਰ ਨੂੰ ਪੂਰੀਆਂ ਸਹੂਲਤਾਂ ਭਾਵ ਮੈਡੀਕਲ/ਖਾਣਾ-ਪੀਣਾ/ਵਿੱਤੀ ਸਹਾਇਤਾ (ਜੇਕਰ ਲੋੜ ਹੋਵੇ) ਤਾਂ ਮੁਹੱਈਆ ਕਰਵਾਉਣਗੇ।
4. ਭੱਠਾ ਮਾਲਕਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭੱਠਾ ਖੋਲਣ ਤੋਂ ਪਹਿਲਾਂ ਇਸ ਮੰਤਵ ਲਈ ਸਹਾਇਕ ਲੇਬਰ ਕਮਿਸ਼ਨਰ, ਜਲੰਧਰ ਨੂੰ ਲਿਖਤੀ ਰੂਪ ਵਿੱਚ ਸਿਹਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਅਤੇ ਲੇਬਰ ਦੇ ਮੁਫਤ ਰਹਿਣ, ਖਾਣ-ਪੀਣ ,ਸੌਣ ਆਦਿ ਦਾ ਪ੍ਰਬੰਧ ਕਰਨ ਸਬੰਧੀ ਸਹਿਮਤੀ ਦੇਣਗੇ ।
5. ਕਰਮਚਾਰੀ/ਵਰਕਰ/ਲੇਬਰ ਨੂੰ ਇੱਕ ਜਗ੍ਹਾ ਇਕੱਠਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਲੇਬਰ ਕੇਵਲ ਭੱਠੇ ਤੇ ਰਹੇਗੀ ਅਤੇ ਭੱਠਾ ਤੋਂ ਬਾਹਰ ਜਾਣ ਦੀ ਇਜਾਜਤ ਨਹੀਂ ਹੋਵੇਗੀ। ਇਸ ਨੂੰ ਭੱਠਾ Quarantine ਕਿਹਾ ਜਾਵੇਗਾ।
6. ਜੇਕਰ ਕਿਸੇ ਭੱਠੇ ਵਿੱਚ ਰਾਅ ਮਟੀਰਿਅਲ ਦੀ ਕਮੀਂ ਕਾਰਨ ਉਸ ਨੂੰ ਅਜਿਹੀ ਹਾਲਤ ਵਿੱਚ ਚਲਾਇਆ ਨਾ ਜਾ ਸਕੇ ਤਾਂ ਅਜਿਹੀ ਹਾਲਤ ਵਿੱਚ ਭੱਠੇ ਦੇ ਮਾਲਕ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਆਪਣੀ ਜਿੰਨੀ ਵੀ ਪ੍ਰਵਾਸੀ ਲੇਬਰ ਹੈ ਉਸ ਨੂੰ ਰਹਿਣ ਖਾਣ-ਪੀਣ ਅਤੇ ਸਾਫ ਸਫਾਈ ਆਦਿ ਦੀਆਂ ਸਾਰੀਆਂ ਸੁਵਿਧਾਵਾਂ ਮੁਹੱਈਆਂ ਕਰਵਾਈਆਂ ਜਾਣ। ਭੱਠਾ ਮਾਲਕ ਇਹ ਸੁਨਿਸ਼ਚਿਤ ਕਰਨਗੇ ਕਿ ਪ੍ਰਵਾਸੀ ਲੇਬਰ ਵਾਪਿਸ ਆਪਣੇ ਸੂਬਿਆਂ ਨੂੰ ਨਾ ਜਾਵੇ ਕਿਉਂਕਿ ਕੇਂਦਰ ਸਰਕਾਰ ਵੱਲੋਂ ਪ੍ਰਵਾਸੀ ਲੇਬਰ ਦੀ ਕਿਸੇ ਵੀ ਇੰਟਰ-ਸਟੇਟ ਮੂਵਮੈਂਟ ਤੇ ਪਾਬੰਦੀ ਲਗਾਈ ਹੋਈ ਹੈ। ਭੱਠਾ ਮਾਲਕ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਭੱਠਿਆਂ ਤੇ ਕੰਮ ਕਰਦੀ ਲੇਬਰ ਨੂੰ ਕਰਫਿਊ ਦੇ ਸਮੇਂ ਪੂਰਾ ਰਾਸ਼ਨ, ਖਾਣ-ਪੀਣ ਦਾ ਸਮਾਨ, ਪਾਣੀ, ਦਵਾਈਆਂ ਅਤੇ ਹੋਰ ਜਰੂਰੀ ਸੁਵਿਧਾਵਾਂ ਮੁਹੱਇਆ ਕਰਵਾਉਣਗੇ। ਭੱਠਾ ਮਾਲਕ ਇਹਨਾਂ ਲੇਬਰਾਂ ਦਾ ਭੱਠੇ ਤੇ ਹੀ ਰਹਿਣ ਦਾ ਪ੍ਰਬੰਧ ਕਰਨਗੇ। ਇਸ ਸਬੰਧੀ ਜੇਕਰ ਭੱਠਾ ਮਾਲਕ ਨੂੰ ਕਿਸੇ ਵੀ ਕਿਸਮ ਦੀ ਸਹਾਇਤਾ ਜਾਂ ਰਾਸ਼ਨ ਦੀ ਲੋੜ ਹੋਵੇ ਤਾਂ **ਸਬੰਧਤ ਉਪ ਮੰਡਲ ਮੈਜਿਸਟਰੇਟ** ਜਾਂ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ। ਪ੍ਰਵਾਸੀ ਮਜ਼ਦੂਰਾਂ ਦੀ ਭਲਾਈ

Scanned by CamScanner

ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No ..........................
Date ..........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in



ਅਤੇ ਸਿਹਤ ਦਾ ਧਿਆਨ ਉਹਨਾਂ ਦੇ ਮਾਲਕਾਂ ਨੂੰ ਇਸ ਔਖੀ ਘੜੀ ਵਿੱਚ ਰੱਖਣ ਦੀ ਅਪੀਲ ਅਤੇ ਹੁਕਮ ਕੀਤੇ ਜਾਂਦੇ ਹਨ, ਕਿਉਂਕਿ ਇਹ ਹੁਕਮ ਮਜਦੂਰਾਂ ਦੀ Movement ਰੋਕਣ ਲਈ ਕੀਤੇ ਜਾ ਰਹੇ ਹਨ, ਇਸ ਲਈ ਇਹਨਾਂ ਦਿਨਾ ਦੌਰਾਨ ਮਜਦੂਰਾਂ ਦੀ ਰਹਾਇਸ਼ ਭੱਠੇ ਤੇ ਹੀ ਰੱਖੀ ਜਾਵੇਗੀ ਅਤੇ ਇਹਨਾਂ ਨੂੰ ਬਾਹਰ ਆਉਣ ਜਾਣ ਦੇ ਪਾਸ ਜਾਰੀ ਨਹੀਂ ਕੀਤੇ ਜਾਣਗੇ।

7. ਇਨ੍ਹਾਂ ਭੱਠਿਆਂ ਵਿੱਚ ਪ੍ਰੋਡਕਸ਼ਨ ਕਰਨ ਲਈ ਆਉਣ ਜਾਣ ਵਾਸਤੇ ਸਿਰਫ ਭਠਿਆਂ ਦੇ ਮਾਲਕਾਂ ਨੂੰ ਹੀ ਕਰਫਿਊ ਪਾਸ ਸਹਾਇਕ ਲੇਬਰ ਕਮਿਸ਼ਨਰ, ਜਲੰਧਰ ਵੱਲੋਂ ਜਾਰੀ ਕੀਤੇ ਜਾਣਗੇ।
8. ਸਹਾਇਕ ਲੇਬਰ ਕਮਿਸ਼ਨਰ, ਜਲੰਧਰ, ਜਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ ,ਜਲੰਧਰ ਖੁਦ ਜਾਂ ਆਪਣੇ ਸਟਾਫ ਵੱਲੋ ਅਤੇ ਸਬੰਧਤ ਐਸ.ਐਮ.ਓ. ਸਮੇਂ ਸਮੇਂ ਤੇ ਭੱਠਿਆਂ ਦੀ ਚੈਕਿੰਗ ਕਰਨਗੇ , ਕਿ ਕੋਵਿਡ-19 ਮੁਤਾਬਕ ਸੋਸ਼ਲ ਡਿਸਟੈਂਸ ਦੀਆਂ ਹਦਾਇਤਾਂ ਦੀ ਪਾਲਣਾ ਹੋ ਰਹੀ ਹੈ।
9. ਜੇਕਰ ਭੱਠਾ ਮਾਲਕ ਉਕਤ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਹੈ ਤਾਂ ਇਹ ਭੱਠਾ ਚਲਾਉਣ ਦੀ ਆਗਿਆ ਰੱਦ ਕਰ ਦਿੱਤੀ ਜਾਵੇਗੀ।
10. ਤਮਾਮ ਕਰਮਚਾਰੀ/ਵਰਕਰ/ਲੇਬਰ ਨੂੰ ਕਰਫਿਊ ਦੇ ਸਮੇਂ ਦੌਰਾਨ, ਆਪਣੇ-ਆਪਣੇ ਭੱਠੇ ਵਿੱਚ ਹੀ Quarantine ਕਰਕੇ ਰੱਖਿਆ ਜਾਵੇਗਾ ਅਤੇ ਉਹਨਾਂ ਨੂੰ ਹਰ ਪ੍ਰਕਾਰ ਦੀ ਮੈਡੀਕਲ/ਖਾਣ-ਪੀਣ/ਰਹਿਣ ਆਦਿ ਦਾ ਪ੍ਰਬੰਧ ਭੱਠਾ ਮਾਲਕ ਦੀ ਜੁੰਮੇਵਾਰੀ ਹੋਵੇਗੀ।
11. ਉਕਤ ਸਾਰੀਆਂ ਹਦਾਇਤਾਂ ਲਾਗੂ ਕਰਵਾਉਣ ਦੀ ਜਿੰਮੇਵਾਰੀ ਸਹਾਇਕ ਲੇਬਰ ਕਮਿਸ਼ਨਰ, ਜਲੰਧਰ ਦੀ ਹੋਵੇਗੀ ਅਤੇ ਸੁਰੱਖਿਆ ਦੇ ਪ੍ਰਬੰਧ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ ਵੱਲੋਂ ਕੀਤੇ ਜਾਣਗੇ।

ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

ਜਿਲ੍ਹਾ ਮੈਜਿਸਟਰੇਟ,
ਜਲੰਧਰ।

**ਪਿੱਠ ਅੰਕਣ ਨੰਬਰ** 4706-20/MC-4/MA **ਮਿਤੀ:** 30-03-2020

ਇਸ ਦਾ ਇਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਕਮਿਸ਼ਨਰ ਆਫ ਪੁਲਿਸ ਜਲੰਧਰ।
3. ਕਮਿਸ਼ਨਰ ਨਗਰ ਨਿਗਮ ਜਲੰਧਰ।
4. ਸੀਨੀਅਰ ਪੁਲਿਸ ਕਪਤਾਨ ਜਲੰਧਰ।
5. ਸਿਵਲ ਸਰਜਨ ਜਲੰਧਰ।
6. ਸਮੂਹ ਉਪ ਮੰਡਲ ਮੈਜਿਸਟਰੇਟ ਜਲੰਧਰ।
7. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਜਲੰਧਰ।
8. ਸਮੂਹ ਐਕਸੀਅਨ ਪੌਲੂਸ਼ਨ ਕੰਟਰੋਲ ਬੋਰਡ, ਜਲੰਧਰ।
9. ਜਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਜਲੰਧਰ।
10. ਸਹਾਇਕ ਲੇਬਰ ਕਮਿਸ਼ਨਰ, ਜਲੰਧਰ।
11. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ।
12. ਜੀ.ਐਮ.ਡੀ.ਆਈ.ਸੀ., ਜਲੰਧਰ।

ਵਾ:ਜਿਲ੍ਹਾ ਮੈਜਿਸਟਰੇਟ,
ਜਲੰਧਰ।

Scanned by CamScanner